Surrey Schools
LEADERSHIP IN LEARNING

ਏ-ਸਵੇਇਲ। ਗੁੱਡ ਮੌਰਨਿੰਗ।

ਅੱਜ 30 ਅਕਤੂਬਰ ਹੈ ਅਤੇ ਮੈਂ ਹੈਲੋਵੀਨ ਵਾਲੇ ਵੀਕ-ਇੰਡ ਤੋਂ ਪਹਿਲਾਂ ਆਪਣੇ ਮੌਜੂਦਾ ਸੰਦਰਭ ਅਤੇ ਸਾਡੇ ਸਾਹਮਣੇ ਮੌਜੂਦ ਕੁਝ ਨਵਿਆਂ ਮਸਲਿਆਂ ਬਾਰੇ ਤੁਹਾਡੇ ਤੱਕ ਇਕ ਸੁਨੇਹਾ ਪਹੁੰਚਾਉਣਾ ਚਾਹੁੰਦਾ ਹਾਂ। ਸਭ ਤੋਂ ਪਹਿਲੀ ਅਤੇ ਮੁੱਖ ਗੱਲ ਇਹ ਹੈ ਕਿ ਸਾਡੇ ਭਾਈਚਾਰੇ ਵਿੱਚ ਕੇਸ ਵਧ ਰਹੇ ਹਨ ਅਤੇ ਫਰੇਜ਼ਰ ਹੈਲਥ ਅਥਾਰਟੀ ਦੇ ਇਲਾਕੇ ਵਿੱਚ ਬਾਕੀ ਸਾਰੇ ਇਲਾਕਿਆਂ ਦੇ ਮੁਕਾਬਲੇ ਕੋਵਿਡ ਦੇ ਜ਼ਿਆਦਾ ਕੇਸ ਹਨ। ਇਹ ਕੋਈ ਨਵੀਂ ਗੱਲ ਨਹੀਂ, ਪਰ ਬਿਨਾਂ ਸ਼ੱਕ ਕੇਸਾਂ ਦੀ ਵੱਧਦੀ ਗਿਣਤੀ ਸਾਡੇ ਸਾਰਿਆਂ ਲਈ ਚਿੰਤਾ ਦੀ ਗੱਲ ਹੈ। ਅਸੀਂ ਜਾਣਦੇ ਹਾਂ ਕਿ ਇਹ ਕੇਸ ਸਾਡੇ ਭਾਈਚਾਰੇ ਵਿੱਚ ਹਨ ਅਤੇ ਸਾਡੇ ਸਕੂਲ ਸਾਡੇ ਭਾਈਚਾਰੇ ਦਾ ਹੀ ਅਕਸ ਹਨ। ਇਸ ਲਈ ਸਾਡੇ ਸਕੂਲਾਂ ਵਿੱਚ ਕੇਸ ਹੋਣੇ ਜਾਰੀ ਰਹਿਣਗੇ ਅਤੇ ਅਸੀਂ ਪਾਰਦਰਸ਼ਤਾ ਲਈ ਵਚਨਬੱਧ ਹਾਂ, ਅਤੇ ਜਦੋਂ ਵੀ ਅਜਿਹਾ ਹੋਵੇਗਾ ਤੁਹਾਨੂੰ ਹਮੇਸ਼ਾਂ ਇਸ ਬਾਰੇ ਦੱਸਿਆ ਜਾਵੇਗਾ। ਅੱਜ ਦਾ ਸਭ ਤੋਂ ਮਹੱਤਵਪੂਰਨ ਸੁਨੇਹਾ ਇਹ ਹੈ ਕਿ ਭਾਵੇਂ ਸਕੂਲਾਂ ਵਿੱਚ ਵਾਇਰਸ ਨਾਲ ਸੰਪਰਕ ਹੋਣ ਦੇ ਨੋਟਿਸਾਂ ਦੀ ਗਿਣਤੀ 100 ਤੋਂ ਵੱਧ ਗਈ ਹੈ, ਪਰ ਸਾਡਾ ਵਿਸ਼ਵਾਸ ਹੈ ਕਿ ਵਾਇਰਸ ਸਿਰਫ ਕੁੱਝ ਗਿਣਤੀ ਦੇ ਸਕੂਲਾਂ ਵਿੱਚ ਹੀ ਫੈਲਿਆ ਹੈ। ਜਦੋਂ ਅਸੀਂ ਸਕੂਲ ਖੋਲ੍ਹੇ ਸਨ ਤਾਂ ਹੈਲਥ ਵਾਲਿਆਂ ਨੇ ਸਾਨੂੰ ਦੱਸਿਆ ਸੀ ਕਿ ਬੱਚਿਆਂ ਵਿਚਕਾਰ ਅਤੇ ਬੱਚਿਆਂ ਅਤੇ ਬਾਲਗਾਂ ਵਿਚਕਾਰ ਵਾਇਰਸ ਦਾ ਫੈਲਣਾ ਘੱਟ ਰਹੇਗਾ ਅਤੇ ਹੁਣ ਤੱਕ ਸਾਡੇ ਕੁੱਝ ਕੁ ਗਿਣਤੀ ਦੇ, 100 ਸਕੂਲਾਂ ਵਿੱਚ ਪੰਜਾਂ ਤੋਂ ਵੀ ਘੱਟ, ਸਕੂਲ ਹਨ ਜਿਨ੍ਹਾਂ ਵਿੱਚ ਵਾਇਰਸ ਫੈਲਿਆ ਹੈ। ਅਤੇ ਸਾਡੇ ਆਪਣੇ ਪ੍ਰਮਾਣਾਂ ਤੋਂ ਪਿਛਲੇ ਦੋ ਮਹੀਨਿਆਂ ਵਿੱਚ ਇਹ ਕੁੱਝ ਹੀ ਸਾਹਮਣੇ ਆਇਆ ਹੈ। ਸਾਡੇ ਸਕੂਲਾਂ ਵਿੱਚ ਨਿਯਮ ਲਾਗੂ ਹਨ ਅਤੇ ਉਹ ਨਿਯਮ ਕੰਮ ਕਰ ਰਹੇ ਹਨ, ਪਰ ਅਸੀਂ ਹਮੇਸ਼ਾਂ ਹੀ ਇਸ ਤੋਂ ਬਿਹਤਰ ਕਰ ਸਕਦੇ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਕੁੱਝ ਹਫਤਿਆਂ ਦੌਰਾਨ ਸਾਡੇ ਵੱਡੇ ਸੈਕੰਡਰੀ ਸਕੂਲਾਂ ਵਿੱਚੋਂ ਇਕ ਵਿੱਚ ਵਿਸਥਾਰ ਪੂਰਵਕ ਵਿਸ਼ਲੇਸ਼ਣ ਕਰਨ ਲਈ ਹੈਲਥ ਵਾਲਿਆਂ ਨਾਲ ਮਿਲ ਕੇ ਕੰਮ ਕਰਨ ਤੋਂ ਮੈਂ ਬਹੁਤ ਖੁਸ਼ ਹਾਂ। ਅਸੀਂ ਪਿਛਲੇ ਕੁੱਝ ਹਫਤਿਆਂ ਦੌਰਾਨ ਹੈਲਥ ਅਥਾਰਟੀ, ਡਿਸਟ੍ਰਿਕਟ ਸਟਾਫ ਅਤੇ ਯੂਨੀਅਨ ਵਾਲਿਆਂ ਦੀ ਟੀਮ ਨਾਲ ਕਿਸੇ ਸਕੂਲ ਵਿੱਚ ਇਕ ਦਿਨ ਜਾ ਕੇ ਸਕੂਲ ਵਿੱਚ ਰਲ ਕੇ ਕੰਮ ਕਰਨ ਅਤੇ ਸਕੂਲ ਵਿੱਚ ਸਮਾਂ ਬਿਤਾਉਣ ਲਈ ਕੰਮ ਕਰ ਰਹੇ ਸੀ, ਤਾਂ ਕਿ ਤੁਸੀਂ ਕਲਾਸਾਂ ਵਿੱਚ ਜਾ ਕੇ, ਸਕੂਲਾਂ ਦਾ ਟੂਰ ਲਾ ਕੇ, ਬ੍ਰੇਕ ਦੇ ਸਮਿਆਂ, ਤਬਦੀਲੀਆਂ ਅਤੇ ਕਲਾਸਾਂ ਦੇ ਕਾਰਜ ਦੀ ਨਿਗਰਾਨੀ ਕਰਕੇ ਇਹ ਦੇਖ ਸਕੋ ਕਿ ਸਾਡੇ ਸਕੂਲਾਂ ਵਿੱਚੋਂ ਕਿਸੇ ਇਕ ਸਕੂਲ ਵਿੱਚ ਅਸਲੀ ਜ਼ਮੀਨੀ ਹਕੀਕਤ ਕੀ ਹੈ। ਮੈਂ ਈਕੋਲ ਪੈਨੋਰਾਮਾ ਰਿੱਜ ਸੈਕੰਡਰੀ ਦੇ ਸਟਾਫ ਦਾ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਕੱਲ੍ਹ ਆਪਣੇ ਸਕੂਲ ਵਿੱਚ ਇਸ ਕਾਰਜ ਦਾ ਪ੍ਰਬੰਧ ਕੀਤਾ। ਸਾਡੇ ਯੂਨੀਅਨ ਵਿਚਲੇ ਭਾਈਵਾਲਾਂ, ਟੀਚਰਾਂ ਅਤੇ ਸਹਾਇਕ ਸਟਾਫ ਦੇ ਮੈਂਬਰਾਂ, ਦੋਵਾਂ ਨੇ ਇਸ ਅਮਲ ਦੀ ਰੂਪ ਰੇਖਾ ਬਣਾਉਣ, ਸਵਾਲ ਤਿਆਰ ਕਰਨ ਅਤੇ ਇਕ ਅਜਿਹੀ ਫੇਰੀ ਦਾ ਪ੍ਰਬੰਧ ਕਰਨ ਲਈ ਸ਼ਾਨਦਾਰ ਕੰਮ ਕੀਤਾ, ਜਿਹੜੀ ਫੇਰੀ ਸਾਨੂੰ ਚੰਗੀ ਤਰ੍ਹਾਂ ਇਹ ਸਮਝਾ ਸਕੇ ਕਿ ਅਸਲੀਅਤ ਵਿੱਚ ਚੀਜ਼ਾਂ ਕਿਸ ਤਰ੍ਹਾਂ ਕੰਮ ਕਰ ਰਹੀਆਂ ਹਨ। ਇਸ ਤਰ੍ਹਾਂ ਕੱਲ੍ਹ ਟੀਮ ਉੱਥੇ ਗਈ ਸੀ ਅਤੇ ਅਗਲੇ ਹਫਤੇ ਤੱਕ ਅਸੀਂ ਉਹਨਾਂ ਦੀ ਪੜਚੋਲ ਅਤੇ ਟਿੱਪਣੀਆਂ ਨੂੰ ਜਾਣਨ ਦੀ ਉਮੀਦ ਕਰ ਰਹੇ ਹਾਂ। ਅਸੀਂ ਬਹੁਤ ਖੁਸ਼ ਹਾਂ ਕਿ ਫਰੇਜ਼ਰ ਹੈਲਥ ਨੇ ਸਾਡੇ ਨਾਲ ਇਸ ਤਰ੍ਹਾਂ ਦੇ ਉੱਦਮ ਵਿੱਚ ਰਲ ਕੇ ਕੰਮ ਕੀਤਾ। ਇਹ ਦਿਖਾਉਣ ਲਈ ਕਿ ਅਸੀਂ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਕਿੰਨੇ ਜ਼ਿਆਦਾ ਵਚਨਬੱਧ ਹਾਂ, ਮੈਂ ਇਸ ਸਮੇਂ ਤੁਹਾਡੇ ਨਾਲ ਇਸ ਉੱਦਮ ਬਾਰੇ ਜਾਣਕਾਰੀ ਸਾਂਝੀ ਕਰ ਰਿਹਾ ਹਾਂ। ਅਸੀਂ ਹਮੇਸ਼ਾਂ ਹੀ ਇਸ ਗੱਲ ਵੱਲ ਧਿਆਨ ਦਿੰਦੇ ਹਾਂ ਕਿ ਸਾਡਾ ਕੰਮ ਕਿਵੇਂ ਚੱਲ ਰਿਹਾ ਹੈ ਅਤੇ ਅਸੀਂ ਇਸ ਵਿੱਚ ਕਿਸ ਤਰ੍ਹਾਂ ਸੁਧਾਰ ਕਰ ਸਕਦੇ ਹਾਂ।

ਆਪਣੇ ਪਿਛਲੇ ਸੁਨੇਹੇ ਵਿੱਚ ਮੈਂ ਲੋਕਾਂ ਨੂੰ ਸਾਰੀਆਂ ਸਾਂਝੀਆਂ ਥਾਂਵਾਂ ਵਿੱਚ ਮਾਸਕ ਪਾਉਣ ਬਾਰੇ ਸੂਬਾਈ ਹੈਲਥ ਦੀਆਂ ਸ਼ਰਤਾਂ ਬਾਰੇ ਯਾਦ ਕਰਵਾਇਆ ਸੀ। ਇਹ ਸਾਡੀ ਜ਼ਿੰਮੇਵਾਰੀ ਹੈ ਅਤੇ ਜਦੋਂ ਕਿ ਅਸੀਂ ਜਾਣਦੇ ਹਾਂ ਕਿ ਕੁਝ ਅਜਿਹੇ ਮੌਕੇ ਹੋਣਗੇ ਜਿੱਥੇ ਕੋਈ ਵਿਅਕਤੀ ਮਾਸਕ ਨਾ ਪਾ ਸਕਦਾ ਹੋਵੇ, ਸਾਰੇ ਬਾਲਗਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਅਸੀਂ ਉਹ ਕਦਮ ਚੁੱਕੀਏ ਜਿਨ੍ਹਾਂ ਦੇ ਚੁੱਕਣ ਦੀ ਲੋੜ ਹੈ। ਅਤੇ  ਬੰਦ ਹੋਣ ਦੀ ਥਾਂ ਸਕੂਲਾਂ ਦੇ ਖੁੱਲ੍ਹੇ ਹੋਣ ਦਾ ਕੀ ਅਰਥ ਹੈ? ਪਿਛਲੇ ਕੁਝ ਦਿਨਾਂ ਵਿੱਚ ਅਸੀਂ ਦੇਖਿਆ ਹੈ ਕਿ ਹੈਲੋਵੀਨ ਦੀ ਭਾਵਨਾ ਕਿਸ ਤਰ੍ਹਾਂ ਪ੍ਰਗਟ ਹੋ ਰਹੀ ਹੈ। ਅਸੀਂ ਸੋਸ਼ਲ ਮੀਡੀਏ 'ਤੇ ਕਮਿਊਨਿਟੀ ਭਾਵਨਾ ਦੀ ਇਕ ਨਿਰਾਲੀ ਤੰਦ ਦੇਖੀ ਹੈ, ਜਿਸ ਵਿੱਚ ਕੱਦੂਆਂ ਦੀਆਂ ਕਿਆਰੀਆਂ (ਪੰਪਕਿਨ ਪੈਚਜ਼) ਸਾਡੇ ਸਕੂਲਾਂ ਨੂੰ ਦਾਨ ਕੀਤੀਆਂ ਗਈਆਂ ਹਨ। ਰਵਾਇਤੀ ਤੌਰ 'ਤੇ ਸਾਡੇ ਵੱਲੋਂ ਬੱਚਿਆਂ ਨੂੰ ਬੱਸਾਂ ਰਾਹੀਂ ਖੇਤਾਂ ਵਿੱਚ ਲਿਜਾਣ ਦੀ ਥਾਂ, ਅਸੀਂ ਖੇਤਾਂ ਨੂੰ ਆਪਣੇ ਸਕੂਲਾਂ ਵਿੱਚ ਲਿਆ ਰਹੇ ਹਾਂ। ਇਹ ਤਸਵੀਰ ਕਿਸ ਤਰ੍ਹਾਂ ਦੀ ਦਿਖਾਈ ਦਿੰਦੀ ਹੈ? ਇਸ ਤਸਵੀਰ ਵਿੱਚ  ਸਮਰਪਤ ਅਤੇ ਖਿਆਲ ਰੱਖਣ ਵਾਲੇ ਸਟਾਫ ਦੇ ਮੈਂਬਰ, ਮਾਪੇ, ਵਾਲੰਟੀਅਰ, ਕਮਿਊਨਿਟੀ ਦੇ ਭਾਈਵਾਲ ਅਤੇ ਟਰੱਕਾਂ, ਕੱਦੂਆਂ ਅਤੇ ਫੋਰਕਲਿਫਟਾਂ ਦੇ ਦਾਨ ਦਿਖਾਈ ਦਿੰਦੇ ਹਨ। ਅਤੇ ਅਖੀਰ ਵਿੱਚ ਸਕੂਲਾਂ ਦੁਆਲੇ ਕੱਦੂਆਂ ਅਤੇ ਆਪਣੇ ਚਿਹਰਿਆਂ 'ਤੇ ਵੱਡੀਆਂ ਮੁਸਕਾਨਾਂ ਵਾਲੇ ਜਿਸਮਾਨੀ ਦੂਰੀ ਰੱਖ ਕੇ ਵਿਚਰਦੇ ਬੱਚਿਆਂ ਨਾਲ ਭਰੇ ਵੱਡੇ ਖੇਤ ਦਿਖਾਈ ਦਿੰਦੇ ਹਨ। ਹਾਂ, ਅਸੀਂ ਕੋਵਿਡ ਨਾਲ ਜੀਅ ਰਹੇ ਹਾਂ। ਹਾਂ ਸਾਡੇ ਦਰਮਿਆਨ ਵਾਇਰਸ ਨਾਲ ਸੰਪਰਕ

ਦੀਆਂ ਘਟਨਾਵਾਂ ਹੁੰਦੀਆਂ ਰਹਿਣਗੀਆਂ, ਅਤੇ ਅਸੀਂ ਆਪਣੇ ਨਿਯਮਾਂ ਦੀ ਨਿਗਰਾਨੀ ਕਰਦੇ ਰਹਾਂਗੇ ਅਤੇ ਉਨ੍ਹਾਂ ਵਿੱਚ ਤਬਦੀਲੀਆਂ ਕਰਦੇ ਰਹਾਂਗੇ। ਇਸ ਦੇ ਨਾਲ ਨਾਲ, ਇਕ ਬੱਚੇ ਦੇ ਚਿਹਰੇ ਦੀ ਮੁਸਕਾਨ ਦੇ ਜਾਦੂ ਦਾ ਜਸ਼ਨ ਮਨਾਉਣ ਅਤੇ ਉਸ ਨੂੰ ਦੂਸਰਿਆਂ ਨਾਲ ਸਾਂਝਾ ਕਰਨ ਲਈ ਅਸੀਂ ਆਪਣੇ ਨਿਯਮਾਂ ਵਿੱਚ ਨਵੇਂ ਢੰਗ ਲੱਭ ਰਹੇ ਹਾਂ। ਸਾਡੇ ਬੱਚਿਆਂ ਅਤੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਵਿੱਚ ਥੋੜ੍ਹੀਆਂ ਜਿਹੀਆਂ ਖੁਸ਼ੀਆਂ ਨੂੰ ਦੇਖਣਾ ਅਤੇ ਆਪਣੇ ਨਿਰਾਲੇ ਰਾਹ ਅਤੇ ਨਵੇਂ ਨੌਰਮਲ ਨੂੰ ਲੱਭਣਾ ਬਹੁਤ ਵਧੀਆ ਹੈ ਅਤੇ ਸਾਡੇ ਮੌਜੂਦਾ ਸੰਦਰਭ ਵਿੱਚ ਇਸ ਤੋਂ ਵਧੀਆ ਕੀ ਹੋ ਸਕਦਾ ਹੈ।

ਮੈਂ ਤੁਹਾਡੇ ਸਾਰਿਆਂ ਲਈ ਬਹੁਤ ਵਧੀਆ ਵੀਕ-ਇੰਡ ਅਤੇ ਖੁਸ਼ੀਆਂ ਭਰੀ ਅਤੇ ਸੁਰੱਖਿਅਤ ਹੈਲੋਵੀਨ ਦੀ ਕਾਮਨਾ ਕਰਦਾ ਹਾਂ। ਆਪਣਾ ਖਿਆਲ ਰੱਖਿਓ। ਹਾਇਚਕੇ (ਫਸਟ ਨੇਸ਼ਨਜ਼ ਗਰੀਟਿੰਗਜ਼)

ਤੁਹਾਡਾ ਸਾਰਿਆਂ ਦਾ ਧੰਨਵਾਦ।